# ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਵੱਲੋਂ ਲਾਭਪਾਤਰੀਆਂ ਅਤੇ ਉਨ੍ਹਾਂ ਦੇ ਪ੍ਰੀਵਾਰ ਦੀ ਭਲਾਈ ਲਈ ਚਲਾਈਆਂ ਜਾ ਰਹੀਆਂ ਭਲਾਈ ਸਕੀਮਾਂ

## ਵਿਅਕਤੀਗਤ ਲਾਭ ਸਕੀਮਾ

1. **ਵਜੀਫਾ ਸਕੀਮ**: ਬੋਰਡ ਦੇ ਪੰਜੀਕ੍ਰਿਤ ਉਸਾਰੀ ਕਿਰਤੀਆਂ ਦੇ ਬੱਚਿਆਂ ਲਈ ਪਹਿਲੀ ਕਲਾਸ ਤੋਂ ਡਿਗਰੀ ਕਲਾਸਾਂ ਅਤੇ ਉਚੇਰੀ ਸਿਖਿੱਆ ਲਈ ਰੁ. 3,000/- ਤੋਂ ਲੈਕੇ 70,000/- ਰੁ. ਸਾਲਾਨਾ ਵਜੀਫਾ ਸਕੀਮ।

ਨੋਟ:- ਜੇਕਰ ਲਾਭਪਾਤਰੀ ਵਜੀਫਾ ਸਕੀਮ ਅਧੀਨ ਪੰਜਾਬ ਸਰਕਾਰ ਦੀ ਕਿਸੇ ਹੋਰ ਸੰਸਥਾ ਪਾਸੋਂ ਅਜਿਹਾ ਲਾਭ ਲੈ ਰਿਹਾ ਹੋਵੇ ਤਾਂ ਵੀ ਬੋਰਡ ਪਾਸੋਂ ਅਜਿਹਾ ਲਾਭ ਪ੍ਰਾਪਤ ਕਰ ਸਕਦਾ ਹੈ।

2. **ਸ਼ਗਨ ਸਕੀਮ:-** ਰਜਿਸਟਰਡ ਉਸਾਰੀ ਕਿਰਤੀਆਂ ਦੀਆਂ 2 ਲੜਕੀਆਂ ਤੱਕ ਦੀ ਸ਼ਾਦੀ ਲਈ ਹਰੇਕ ਲੜਕੀ ਦੀ ਸ਼ਾਦੀ ਦੇ ਮੌਕੇ ਤੇ 31000/- ਰੁਪਏ ਸ਼ਗਨ ਦੀ ਰਾਸ਼ੀ ਦਿਤੀ ਜਾਵੇਗੀ। ਜੇਕਰ ਲੜਕੀ ਖੁਦ ਵੀ ਰਜਿਸਟਰਡ ਲਾਭਪਾਤਰੀ ਹੈ ਤਾਂ ਉਸ ਦੀ ਆਪਣੀ ਸ਼ਾਦੀ ਲਈ ਵੀ ਇਸ ਸਕੀਮ ਅਧੀਨ ਸ਼ਗਨ ਦੀ ਰਾਸ਼ੀ ਦਿਤੀ ਜਾਵੇਗੀ।

ਨੋਟ:- ਜੇਕਰ ਲਾਭਪਾਤਰੀ ਵਜੀਫਾ ਸਕੀਮ ਅਧੀਨ ਪੰਜਾਬ ਸਰਕਾਰ ਦੀ ਕਿਸੇ ਹੋਰ ਸੰਸਥਾ ਪਾਸੋਂ ਅਜਿਹਾ ਲਾਭ ਲੈ ਰਿਹਾ ਹੋਵੇ ਤਾਂ ਵੀ ਬੋਰਡ ਪਾਸੋਂ ਅਜਿਹਾ ਲਾਭ ਪ੍ਰਾਪਤ ਕਰ ਸਕਦਾ ਹੈ।

3. **ਬਾਲੜੀ ਜਨਮ ਤੋਹਫਾ ਸਕੀਮ:** ਇਸ ਸਕੀਮ ਅਧੀਨ ਉਸਾਰੀ ਕਿਰਤੀ ਦੀ ਲੜਕੀ ਦੇ ਜਨਮ ਤੇ 51,000/- ਰੁਪਏ ਦੀ ਰਾਸ਼ੀ ਲੜਕੀ ਦੇ ਨਾਮ ਤੇ ਬੈਂਕ ਵਿੱਚ ਬਤੌਰ ਐਫ.ਡੀ.ਆਰ ਦੀ ਸ਼ਕਲ ਵਿੱਚ ਉਸ ਦੇ ਵਿਆਹ ਦੀ ਉਮਰ ਤੱਕ ਜਮ੍ਹਾ ਰਹੇਗੀ। ਇਹ ਸਹੂਲਤ ਕੇਵਲ ਦੋ ਲੜਕੀਆਂ ਦੇ ਜਨਮ ਤੱਕ ਸੀਮਤ ਹੈ।

4. **ਪ੍ਰਸੂਤਾ ਲਾਭ ਸਕੀਮ:** ਉਸਾਰੀ ਕੰਮਾਂ ਵਿੱਚ ਲੱਗੇ ਪੰਜੀਕ੍ਰਿਤ ਲਾਭਪਾਤਰੀ "ਇਸਤਰੀ ਕਿਰਤੀ" ਨੂੰ ਹਰੇਕ ਜਨੇਪੇ ਦੇ ਸਮੇਂ 21000/- ਰੁਪਏ ਅਤੇ ਪੁਰਸ਼ ਲਾਭਪਾਤਰੀ ਨੂੰ ਉਸਦੀ ਇਸਤਰੀ ਦੇ ਜਨੇਪੇ ਸਮੇਂ 5000/- ਰੁਪਏ ਪ੍ਰਤੀ ਜਨੇਪਾ (ਵੱਧ ਤੋਂ ਵੱਧ ਦੋ ਜਨੇਪਿਆਂ ਲਈ) ਦੇ ਹਿਸਾਬ ਨਾਲ ਪ੍ਰਸੂਤਾ ਲਾਭ ਦਿੱਤਾ ਜਾਂਦਾ ਹੈ।

5 **ਦਾਹ-ਸੰਸਕਾਰ ਅਤੇ ਅੰਤਮ ਕ੍ਰਿਆ-ਕ੍ਰਮ ਲਈ ਵਿੱਤੀ ਸਹਾਇਤਾ:** ਉਸਾਰੀ ਕਿਰਤੀਆਂ ਅਤੇ ਪ੍ਰੀਵਾਰਕ ਮੈਂਬਰਾਂ ਲਈ ਪੰਜਾਬ ਰਾਜ ਵਿਚ ਦਾਹ ਸੰਸਕਾਰ ਅਤੇ ਕ੍ਰਿਆ ਕ੍ਰਮ ਕਰਨ ਲਈ 20,000 ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ।

6. **ਐਕਸਗ੍ਰੇਸ਼ੀਆ ਸਕੀਮ:- ਜਿਹੜੇ ਕੇਸਾਂ ਵਿਚ ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ ਸਕੀਮ ਅਧੀਨ ਹੈਲਥ ਕਾਰਡ ਨਹੀਂ ਹੈ, ਨੂੰ ਦਿੱਤੀ ਜਾਣ ਵਾਲੀ ਰਾਸ਼ੀ:-**

**(i)** ਦੁਰਘਟਨਾ ਦੌਰਾਨ ਮੌਤ ਹੋਣ ਤੇ 4.00 ਲੱਖ ਰੁਪਏ।

**(ii)** ਕੁਦਰਤੀ ਮੌਤ ਹੋਣ ਦੀ ਸੂਰਤ ਵਿਚ 3 ਲੱਖ ਰੁਪਏ।

**(iii)** ਪੂਰਨ (100%) ਅਪੰਗ ਹੋਣ ਦੀ ਸੂਰਤ ਵਿਚ 4.00 ਲੱਖ ਰੁਪਏ।

**(iv)** ਆਂਸ਼ਿਕ ਅਪੰਗਤਾ ਹੋਣ ਤੇ ਪੰਜੀਕ੍ਰਿਤ ਲਾਭਪਾਤਰੀ ਇਸ ਸਕੀਮ ਤਹਿਤ ਮਿਲਣ ਵਾਲੀ ਰਾਸ਼ੀ ਹਰੇਕ ਇਕ ਪ੍ਰਤੀਸ਼ਤ ਅਪੰਗਤਾ ਦੀ ਰਾਸ਼ੀ 4000/- ਰੁਪਏ ਹੋਵੇਗੀ ਜ਼ੋ 4 ਲੱਖ ਤੱਕ ਜਾ ਸਕਦੀ ਹੈ।

7. **ਜਿਹੜੇ ਕੇਸਾਂ ਵਿਚ ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ ਸਕੀਮ ਅਧੀਨ ਹੈਲਥ ਕਾਰਡ ਬਣੇ ਹੋਏ ਹਨ, ਨੂੰ ਦਿੱਤੀ ਜਾਣ ਵਾਲੀ ਰਾਸ਼ੀ:-**

**(i)** ਪੰਜੀਕ੍ਰਿਤ ਲਾਭਪਾਤਰੀ ਦੀ ਪੂਰਨ (100%) ਅਪੰਗਤਾ ਹੋਣ ਤੇ ਜਾਂ ਦੁਰਘਟਨਾ ਵਿਚ ਮੌਤ ਹੋਣ ਦੀ ਸੂਰਤ ਵਿਚ 5 ਲੱਖ ਰੁਪਏ ਦੀ ਰਾਸ਼ੀ ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ ਸਕੀਮ ਅਧੀਨ ਦਿਤੀ ਜਾਂਦੀ ਹੈ।

8. **ਮਾਨਸਿਕ ਰੋਗ ਨਾਲ ਪੀੜਤ ਬੱਚਿਆਂ ਲਈ ਵਿਤੀ ਸਹਾਇਤਾ ਸਕੀਮ:** ਪੰਜੀਕ੍ਰਿਤ ਉਸਾਰੀ ਕਿਰਤੀਆਂ ਦੇ ਮਾਨਸਕ ਰੋਗਾਂ ਜਾਂ ਅਪੰਗਤਾ ਨਾਲ ਗ੍ਰਸਤ ਬੱਚਿਆਂ (ਪੁੱਤਰ/ਪੁੱਤਰੀ) ਦੀ ਸਾਂਭ ਸੰਭਾਲ ਵਾਸਤੇ 20,000/- ਰੁਪਏ ਸਾਲਾਨਾ ਵਿਤੀ ਸਹਾਇਤਾ ਸਕੀਮ।

9. **ਜਨਰਲ ਸਰਜਰੀ:** ਬੋਰਡ ਦੇ ਲਾਭਪਾਤਰੀਆਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਲਈ ਜਨਰਲ ਸਰਜਰੀ ਸਕੀਮ ਅਧੀਨ 50,000/- ਰੁਪਏ ਤੱਕ ਵਿਤੀ ਸਹਾਇਤਾ।

ਨੋਟ:- ਹਰੇਕ ਲਾਭਪਾਤਰੀ ਜੋ ਇਸ ਸਕੀਮ ਅਧੀਨ ਲਾਭ ਉਠਾਣਾ ਚਾਹੁੰਦਾ ਹੈ ਤਾਂ ਉਸ ਨੂੰ ਪਹਿਲਾਂ ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ ਅਧੀਨ ਜਾਰੀ ਹੈਲਥ ਕਾਰਡ ਦੀ ਸਹੂਲਤ ਨਾਲ 50,000/- ਰੁਪਏ ਦਾ ਲਾਭ ਖਤਮ ਕਰਨਾ ਹੋਵੇਗਾ ਤਾਂ ਹੀ ਉਹ ਇਸ ਸਕੀਮ ਅਧੀਨ ਬਾਕੀ ਬਚਦੀ ਰਕਮ ਦਾ ਲਾਭ ਪ੍ਰਾਪਤ ਕਰ ਸਕਦਾ ਹੈ।

10. **ਖਤਰਨਾਕ ਬਿਮਾਰੀਆਂ ਲਈ ਵਿੱਤੀ ਸਹਾਇਤਾ: –** ਉਸਾਰੀ ਕੰਮਾਂ ਵਿੱਚ ਲੱਗੇ ਲਾਭਪਾਤਰੀ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਵਾਸਤੇ ਨਿਰਧਾਰਿਤ 16 ਖਤਰਨਾਕ ਬਿਮਾਰੀਆਂ ਦੇ ਇਲਾਜ ਦੇ ਖਰਚੇ ਸਬੰਧੀ 1,00,000/- ਤੱਕ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ।

ਨੋਟ:- ਹਰੇਕ ਲਾਭਪਾਤਰੀ ਜੋ ਇਸ ਸਕੀਮ ਅਧੀਨ ਲਾਭ ਉਠਾਣਾ ਚਾਹੁੰਦਾ ਹੈ ਤਾਂ ਉਸ ਨੂੰ ਪਹਿਲਾਂ ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ ਅਧੀਨ ਜਾਰੀ ਹੈਲਥ ਕਾਰਡ ਦੀ ਸਹੂਲਤ ਨਾਲ 50,000/- ਰੁਪਏ ਦਾ ਲਾਭ ਖਤਮ ਕਰਨਾ ਹੋਵੇਗਾ ਤਾਂ ਹੀ ਉਹ ਇਸ ਸਕੀਮ ਅਧੀਨ ਬਾਕੀ ਬਚਦੀ ਰਕਮ ਦਾ ਲਾਭ ਪ੍ਰਾਪਤ ਕਰ ਸਕਦਾ ਹੈ।

11. ਹਾਉਸਿੰਗ ਸਕੀਮ: ਬੋਰਡ ਦੇ ਜਿਨ੍ਹਾਂ ਲਾਭਪਾਤਰੀਆਂ ਨੂੰ ਸ਼ਹਿਰੀ ਖੇਤਰ ਵਿਚ ਸ਼ਹਿਰੀ ਵਿਕਾਸ ਅਥਾਰਟੀਜ਼ (ਗਮਾਡਾ, ਗਲਾਡਾ, ਪੁੱਡਾ, ਜੇ.ਡੀ.ਏ, ਪੀ.ਡੀ.ਏ, ਬੀ.ਡੀ.ਏ, ਏ.ਡੀ.ਏ ਆਦਿ) ਵਲੋਂ ਪੰਜਾਬ ਸਰਕਾਰ ਦੀ " Shahri Awas Yojna, 2017" ਸਕੀਮ ਤਹਿਤ ਮਕਾਨ ਅਲਾਟ ਕੀਤੇ ਜਾਣਗੇ ਉਨ੍ਹਾਂ ਨੂੰ ਹੇਠ ਲਿਖੇ ਅਨੁਸਾਰ ਬੋਰਡ ਵਲੋਂ ਸਹੂਲਤਾਂ ਦਿੱਤੀਆਂ ਜਾਣਗੀਆਂ।

ੳ) ਬੇਘਰੇ ਅਸ.ਸੀ. ਬੀ.ਸੀ ਸ਼ਹਿਰੀ ਪਰਿਵਾਰਾਂ, ਜਿਨ੍ਹਾਂ ਦੀ ਆਮਦਨ 3.00 ਲੱਖ ਤੋਂ ਘੱਟ ਹੋਵੇ ਲਈ ਪ੍ਰਧਾਨ ਮੰਤਰੀ ਅਵਾਸ ਯੋਜਨਾ ਤਹਿਤ 1.50 ਲੱਖ ਦੀ ਰਾਸ਼ੀ ਬੋਰਡ ਵਲੋਂ ਮਕਾਨ ਉਸਾਰੀ ਸ਼ਹਿਰੀ ਵਿਕਾਸ ਵਿਭਾਗ ਜਾਂ ਉਹ ਏਜੈਸੀ ਜਿਸ ਵਲੋਂ ਮਕਾਨ ਅਲਾਟ ਕੀਤਾ ਜਾਵੇਗਾ ਨੂੰ ਦਿੱਤੇ ਜਾਣਗੇ।

ਅ) 3.00 ਲੱਖ ਸਲਾਨਾ ਆਮਦਨ ਤੋਂ ਘੱਟ ਵਾਲੇ ਸ਼ਹਿਰੀ ਗਰੀਬ ਲੋਕਾਂ ਲਈ 6.00 ਲੱਖ ਦੇ 20 ਸਾਲਾ ਕਰਜੇ ਲਈ 6.50% ਵਿਆਜ ਸਬਸਿਡੀ ਦਿੱਤੀ ਜਾਵੇਗੀ।

ੲ) ਪ੍ਰਾਈਵੇਟ ਡਿਵੈਲਪਰ ਵਲੋਂ ਤਿਆਰ ਕੀਤੇ ਈ.ਡਬਲਿਊ.ਐਸ. ਮਕਾਨ ਅਲਾਟਮੈਂਟ ਹੋਣ ਤੇ 1.50 ਲੱਖ ਰੁਪਏ ਦੀ ਸਹਾਇਤਾ ਸਰਕਾਰ ਦੀ ਥਾਂ ਬੋਰਡ ਵਲੋਂ ਦਿੱਤੀ ਜਾਵੇਗੀ।

ਸ) 6.00 ਲੱਖ ਤੋਂ ਘੱਟ ਆਮਦਨ ਵਾਲੇ ਸ਼ਹਿਰੀ ਗਰੀਬ ਲੋਕਾਂ ਲਈ 6.00 ਲੱਖ ਦੇ 20 ਸਾਲਾ ਕਰਜੇ ਤੱਕ 6.50% ਵਿਆਜ ਸਬਸਿਡੀ ਸਰਕਾਰ ਦੀ ਥਾਂ ਬੋਰਡ ਵਲੋਂ ਦਿੱਤੀ ਜਾਵੇਗੀ।

12. **ਔਜਾਰ ਖਰੀਦਣ (ਟੂਲ ਕਿਟ) ਲਈ ਸਕੀਮ:** ਪੰਜੀਕ੍ਰਿਤ ਉਸਾਰੀ ਕਿਰਤੀਆਂ ਨੂੰ ਟੂਲਜ਼ (ਔਜ਼ਾਰ) ਖ਼੍ਰੀਦਣ ਲਈ 5000/- ਰੁਪਏ ਦੀ ਵਿਤੀ ਸਹਾਇਤਾ ਸਕੀਮ ਬਸ਼ਰਤੇ ਕਿ ਉਸਨੇ ਸਕਿਲ ਅਪਗ੍ਰਡੇਸ਼ਨ ਜਾਂ ਆਰ.ਪੀ.ਐਲ ਅਧੀਨ ਟ੍ਰੇਨਿੰਗ ਲਈ ਹੋਵੇ। ਉਸਾਰੀ ਕਿਰਤੀ ਹਰ ਤਿੰਨ ਸਾਲ ਦੀ ਮੈਂਬਰਸ਼ਿਪ ਬਾਦ ਮੁੜ ਟੂਲ ਕਿਟ ਸਕੀਮ ਦਾ ਲਾਭ ਪ੍ਰਾਪਤ ਕਰ ਸਕਦਾ ਹੈ।

13. **ਐਨਕ/ਦੰਦ ਅਤੇ ਸੁਣਨਯੰਤਰ ਲਈ ਵਿਤੀ ਸਹਾਇਤਾ ਸਕੀਮ:** ਲਾਭਪਾਤਰੀ ਅਤੇ ਉਨ੍ਹਾਂ ਦੇ ਪ੍ਰੀਵਾਰਕ ਮੈਂਬਰਾਂ ਲਈ ਐਨਕਾਂ, ਦੰਦ ਅਤੇ ਸੁੰਨਣ ਯੰਤਰ ਲਗਾਉਣ ਲਈ ਕ੍ਰਮਵਾਰ (ਰੁ.800/-,5000/- ਅਤੇ 6000/-) ਰੁਪਏ ਦੀ ਵਿੱਤੀ ਸਹਾਇਤਾ।

14. **ਐਲ.ਟੀ.ਸੀ ਸਕੀਮ:** ਪੰਜੀਕ੍ਰਿਤ ਉਸਾਰੀ ਕਿਰਤੀਆਂ ਨੂੰ ਧਾਰਮਿਕ/ਇਤਿਹਾਸਿਕ/ਹੋਮਟਾਊਨ ਜਾਣ ਲਈ 2,000/- ਰੁਪਏ ਦੀ ਐਲ.ਟੀ.ਸੀ. ਦੀ ਰਾਸ਼ੀ ਹਰ ਦੋ ਸਾਲ ਬਾਅਦ ਦਿੱਤੀ ਜਾਂਦੀ ਹੈ।

## ਗਰੁਪ ਲਾਭ ਸਕੀਮਾ

15. **ਪੈਨਸ਼ਨ ਸਕੀਮ:** ਬੋਰਡ ਦੇ ਲਾਭਪਾਤਰੀਆਂ ਲਈ 60 ਸਾਲ ਦੀ ਉਮਰ ਅਤੇ 3 ਸਾਲ ਦੀ ਮੈਂਬਰਸ਼ਿਪ ਪੂਰੀ ਕਰਨ ਉਪਰੰਤ 2000/- ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦੇਣ ਦਾ ਪ੍ਰਾਵਧਾਨ ਹੈ। ਬੋਰਡ ਵਲੋਂ ਲਾਭਪਾਤਰੀ ਨੂੰ, ਘੱਟੋ-ਘੱਟ ਇਕ ਸਾਲ ਦੀ ਮੈਂਬਰਸ਼ਿਪ ਪੂਰੀ ਹੋਣ ਤੇ, ਮੌਤ ਹੋਣ ਦੀ ਸੂਰਤ ਵਿਚ 1000/- ਰੁਪਏ ਪ੍ਰਤੀ ਮਹੀਨਾ ਫੈਮਲੀ ਪੈਨਸ਼ਨ ਦਿਤੀ ਜਾਂਦੀ ਹੈ। ਬੋਰਡ ਵਲੋਂ, ਲਾਭਪਾਤਰੀ ਦੀ ਘੱਟੋ-ਘੱਟ ਇਕ ਸਾਲ ਦੀ ਮੈਂਬਰਸ਼ਿਪ ਪੂਰੀ ਹੋਣ ਤੇ, ਜੇਕਰ ਲਾਭਪਾਤਰੀ 100% ਅਪੰਗ ਹੋ ਜਾਂਦਾ ਹੈ ਤਾਂ ਉਸਨੂੰ 2000/- ਰੁਪਏ ਹਰ ਮਹੀਨੇ ਅਪੰਗਤਾ ਪੈਨਸ਼ਨ ਮਿਲੇਗੀ।

16. **ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ ਸਕੀਮ (BPSSBY):-** ਇਸ ਸਕੀਮ ਅਧੀਨ ਲਾਭਪਾਤਰੀ ਅਤੇ ਉਸਦੇ ਪ੍ਰੀਵਾਰ ਦੇ ਮੈਂਬਰਾਂ (ਪ੍ਰੀਵਾਰ ਦੇ ਮੈਂਬਰਾਂ ਦੀ ਗਿਣਤੀ ਨਿਸ਼ਚਿਤ ਨਹੀਂ) ਲਈ ਹਰ ਸਾਲ 50,000/- ਰੁ. ਤੱਕ ਦੇ ਮੁਫਤ ਇਲਾਜ ਦੀ ਸੁਵਿਧਾ ਹੈ ਅਤੇ ਲਾਭਪਾਤਰੀ ਦੀ ਦੁਰਘਟਨਾ ਕਾਰਣ ਮੌਤ ਹੋ ਜਾਣ ਜਾਂ ਪੂਰਨ ਤੋਰ (100%) ਤੇ ਅਪੰਗ ਹੋ ਜਾਣ ਦੀ ਸੂਰਤ ਵਿੱਚ 5.00 ਲੱਖ ਰੁਪਏ ਦੇ ਬੀਮੇ ਦੀ ਸਹੂਲਤ ਵੀ ਦਿਤੀ ਜਾਵੇਗੀ।

17. ਸਕਿਲ ਡਿਵੈਲਪਮੈਂਟ ਅਤੇ ਵੋਕੇਸ਼ਨਲ ਐਜੂਕੇਸ਼ਨ ਸਕੀਮ:- ਬੋਰਡ ਵਲੋਂ ਰਜਿਸਟਰਡ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਬੱਚਿਆਂ ਲਈ ਸਕਿਲ ਅਪਗ੍ਰੇਡੇਸ਼ਨ ਅਤੇ ਵੋਕੇਸ਼ਨਲ ਐਜੂਕੇਸ਼ਨ ਸਕੀਮ ਤਹਿਤ ਹੇਠ ਲਿਖੇ ਕਦਮ ਚੁੱਕੇ ਗਏ ਹਨ:-

ੳ) ਉਸਾਰੀ ਕਿਰਤੀਆਂ ਦੇ ਜਿਹੜੇ ਬੱਚੇ ਆਈ.ਟੀ.ਆਈ/ਪਾਲੀਟੈਕਨਿਕ ਸੰਸਥਾਵਾਂ ਵਿਚ ਸਕਿਲ ਹੁਨਰ ਪ੍ਰਾਪਤ ਕਰਦੇ ਹਨ ਉਨ੍ਹਾਂ ਦੇ ਪੂਰੇ ਕੋਰਸ ਦੀ ਫੀਸ ਅਤੇ ਉਨ੍ਹਾਂ ਦੀ ਖੁਰਾਕ ਅਤੇ ਰਿਹਾਇਸ਼ (Boarding/lodging ) ਦਾ ਖਰਚਾ ਬੋਰਡ ਵਲੋਂ ਦਿਤਾ ਜਾਂਦਾ ਹੈ।

ਅ) ਬੋਰਡ ਵਲੋਂ ਅੰਮ੍ਰਿਤਸਰ, ਜਲੰਧਰ, ਲੁਧਿਆਣਾ ਅਤੇ ਮੁਹਾਲੀ ਵਿਖੇ 4 ਸਕਿਲ ਡਿਵੈਲਪਮੈਂਟ ਸੈਂਟਰ ਉਸਾਰੇ ਜਾ ਰਹੇ ਹਨ। ਇਨ੍ਹਾਂ ਸਕਿਲ ਡਿਵੈਲਪਮੈਂਟ ਸੈਂਟਰਾਂ ਦੀ ਉਸਾਰੀ ਸਾਲ 2016 ਦੇ ਅੰਤ ਤੱਕ ਹੋਣ ਦੀ ਆਸ ਹੈ। ਇਨ੍ਹਾਂ ਸਕਿਲ ਸੈਂਟਰਾਂ ਤੇ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਸਕਿਲ ਟ੍ਰੇਨਿੰਗ ਦਿਤੀ ਜਾਵੇਗੀ।

18. ਅਗੇਤੀ ਸਿਖਲਾਈ ਦੀ ਪਛਾਣ (recognition of prior learning ) ਪੰਜਾਬ ਸਕਿਲ ਡਿਵੈਲਪਮੈਂਟ ਮਿਸ਼ਨ ਦੀ ਨਿਗਰਾਨੀ ਅਧੀਨ ਬੋਰਡ ਵਲੋਂ ਉਸਾਰੀ ਕਿਰਤੀਆਂ ਦੀ ਉਸਾਰੀ ਦੀ ਜਗ੍ਹਾਂ ਤੇ ਹੀ ਉਨ੍ਹਾਂ ਦੀ ਕਾਰਜ ਕੁਸ਼ਲਤਾ ਵਧਾਣ ਲਈ ਸਕਿਲ ਟ੍ਰੇਨਿੰਗ ਦੇਣ ਦੀ ਸਕੀਮ ਬਣਾਈ ਗਈ ਹੈ। ਇਸ ਤਰੀਕੇ ਨਾਲ ਟ੍ਰੇਨਿੰਗ ਲੈਣ ਵਾਲੇ ਉਸਾਰੀ ਕਿਰਤੀਆਂ ਨੂੰ ਬੋਰਡ ਵਲੋਂ ਇਸ ਸਕੀਮ ਤਹਿਤ ਪ੍ਰਤੀ ਕਿਰਤੀ 35/- ਰੁਪਏ ਪ੍ਰਤੀ ਘੰਟਾ ਉਤਸਾਹ ਭੱਤਾ ਦਿਤਾ ਜਾਂਦਾ ਹੈ।

19. **ਮੋਬਾਈਲ ਲੈਬ ਸਕੀਮ:** ਨਿਰਮਾਣ ਕਾਰਜਾਂ ਵਿੱਚ ਕੰਮ ਕਰਦੇ ਬੋਰਡ ਦੇ ਰਜਿਸਟਰਡ ਲਾਭਪਾਤਰੀਆਂ ਅਤੇ ਉਨ੍ਹਾਂ ਦੇ ਪਰਿਵਾਰ ਦੇ ਮੈਂਬਰਾਂ ਦੀ ਸਿਲੀਕਾਸਿਜ਼ ਅਤੇ ਹੋਰ ਬਿਮਾਰੀਆਂ ਦਾ ਪਤਾ ਲਗਾਉਣ ਲਈ ਮੋਬਾਈਲ ਲੈਬ ਸਕੀਮ ਅਤੇ ਜੇਕਰ ਇਹ ਪਤਾ ਲੱਗ ਜਾਂਦਾ ਹੈ ਕਿ ਲਾਭਪਾਤਰੀ ਜਾਂ ਉਸਦਾ ਪ੍ਰੀਵਾਰਕ ਮੈਂਬਰ ਸਿਲੀਕਾਸਜ਼ ਬਿਮਾਰੀ ਦਾ ਸ਼ਿਕਾਰ ਹੈ ਤਾਂ ਉਸ ਦੇ ਇਲਾਜ ਲਈ ਕਿਰਤੀ ਵਲੋਂ ਖਰਚ ਕੀਤੀ 1.50 ਲੱਖ ਰੁਪਏ ਦੀ ਰਾਸ਼ੀ ਦੀ ਬੋਰਡ ਵਲੋਂ ਪ੍ਰਤੀ ਪੂਰਤੀ ਕੀਤੀ ਜਾਵੇਗੀ।

ਨੋਟ:- ਹਰੇਕ ਲਾਭਪਾਤਰੀ ਜੋ ਇਸ ਸਕੀਮ ਅਧੀਨ ਲਾਭ ਉਠਾਣਾ ਚਾਹੁੰਦਾ ਹੈ ਤਾਂ ਉਸ ਨੂੰ ਪਹਿਲਾਂ ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ ਅਧੀਨ ਜਾਰੀ ਹੈਲਥ ਕਾਰਡ ਦੀ ਸਹੂਲਤ ਨਾਲ 50,000/- ਰੁਪਏ ਦਾ ਲਾਭ ਖਤਮ ਕਰਨਾ ਹੋਵੇਗਾ ਤਾਂ ਹੀ ਉਹ ਇਸ ਸਕੀਮ ਅਧੀਨ ਬਾਕੀ ਬਚਦੀ ਰਕਮ ਦਾ ਲਾਭ ਪ੍ਰਾਪਤ ਕਰ ਸਕਦਾ ਹੈ।